## ਜੇ ਤੁਹਾਨੂੰ ਲੱਗੇ ਕਿ ਕਿਸੇ ਨੂੰ ਜ਼ਹਿਰ ਚੜ੍ਹ ਗਈ ਹੈ ਤਾਂ ਕੀ ਕਰਨਾ ਹੈ

1. ਸ਼ਾਂਤ ਰਹੋ।
2. ਜੇ ਉਹ ਵਿਅਕਤੀ ਪੀੜ ਨਾਲ ਦੂਹਰਾ ਹੋ ਰਿਹਾ ਹੈ ਜਾਂ ਸਾਹ ਲੈਣ ਵਿਚ ਮੁਸ਼ਕਲ ਆ ਰਹੀ ਹੈ ਤਾਂ 9-1-1 ਨੂੰ ਫੋਨ ਕਰੋ।
3. ਨਹੀਂ ਤਾਂ ਹੋਰ ਸਲਾਹ ਲਈ ਪੋਆਇਜ਼ਨ (ਜ਼ਹਿਰ) ਕੰਟਰੋਲ ਸੈਂਟਰ ਨੂੰ ਫੋਨ ਕਰੋ।
4. ਪੋਆਇਜ਼ਨ ਸੈਂਟਰ ਇਨ੍ਹਾਂ ਚੀਜ਼ਾਂ ਬਾਰੇ ਪੁੱਛ ਸਕਦਾ ਹੈ:
   - ਉਸ ਵਿਅਕਤੀ ਦੀ ਉਮਰ ਅਤੇ ਭਾਰ?
   - ਜ਼ਹਿਰ ਜਾਂ ਦਵਾਈ ਦਾ ਨਾਂ ਕੀ ਹੈ?
   - ਕਿੰਨੀ ਅੰਦਰ ਨਿਗਲੀ ਗਈ, ਸਾਹ ਰਾਹੀਂ ਗਈ, ਜਾਂ ਡੁਲ੍ਹੀ ਸੀ?
   - ਅਜਿਹਾ ਕਦੋਂ ਹੋਇਆ?
   - ਉਸ ਵਿਅਕਤੀ ਦੀ ਹੁਣ ਕੀ ਹਾਲਤ ਹੈ?

## ਪੋਆਇਜ਼ਨ ਸੈਂਟਰ ਬਾਰੇ

- ਬੀ.ਸੀ. ਪੋਆਇਜ਼ਨ ਕੰਟਰੋਲ ਸੈਂਟਰ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਜਾਣਕਾਰੀ ਦਿੰਦਾ ਹੈ।
- ਖਾਸ ਤੌਰ ’ਤੇ ਟਰੇਂਡ ਫਾਰਮਾਸਿਸਟ, ਨਰਸਾਂ ਅਤੇ ਡਾਕਟਰ ਹਰ ਕਿਸਮਾਂ ਦੀਆਂ ਜ਼ਹਿਰਾਂ ਦੇ ਇਲਾਜ ਬਾਰੇ ਅਤੇ ਜ਼ਹਿਰਾਂ ਤੋਂ ਰੋਕਥਾਮ ਬਾਰੇ ਸਲਾਹ ਦਿੰਦੇ ਹਨ।
- ਤੁਹਾਨੂੰ ਹਸਪਤਾਲ ਜਾਂ ਡਾਕਟਰ ਦੇ ਦਫਤਰ ਨੂੰ ਭੇਜਿਆ ਜਾ ਸਕਦਾ ਹੈ, ਪਰ ਬਹੁਤੀਆਂ ਜ਼ਹਿਰਾਂ ਦਾ ਇਲਾਜ ਤੁਹਾਡੇ ਪੋਆਇਜ਼ਨ ਕੰਟਰੋਲ ਸੈਂਟਰ ਦੀ ਸਲਾਹ ਨਾਲ ਘਰ ਵਿਚ ਹੀ ਕੀਤਾ ਜਾ ਸਕਦਾ ਹੈ।
- ਪੋਆਇਜ਼ਨ ਕੰਟਰੋਲ ਸੈਂਟਰ ਤੁਹਾਨੂੰ ਜ਼ਹਿਰਾਂ ਤੋਂ ਰੋਕਥਾਮ ਲਈ ਕਿਤਾਬਚੇ ਅਤੇ ਫੋਨਾਂ ’ਤੇ ਲਾਉਣ ਵਾਲੇ ਸਟਿੱਕਰ ਭੇਜ ਸਕਦਾ ਹੈ। 604-682-2344, ਐਕਸਟੈਨਸ਼ਨ 62126 ’ਤੇ ਫੋਨ ਕਰਕੇ ਜਾਂ ਸਾਡੇ ਵੈੱਬਸਾਈਟ www.dpic.org ’ਤੇ ਆਰਡਰ ਕਰੋ।

## ਜ਼ਹਿਰ ਚੜ੍ਹਣ ’ਤੇ ਮੁਢਲੀ ਸਹਾਇਤਾ

### ਅੱਖਾਂ

ਨਿੱਘੇ ਪਾਣੀ ਨਾਲ ਅੱਖਾਂ ਨੂੰ ਘੱਟੋ ਘੱਟ 5 ਮਿੰਟਾਂ ਲਈ ਧੋਵੋ। ਉਸ ਵਿਅਕਤੀ ਨੂੰ ਕਹੋ ਕਿ ਅੱਖਾਂ ਨੂੰ ਧੋਣ ਵੇਲੇ ਉਹ ਅੱਖਾਂ ਝਮਕਦਾ ਰਹੇ। ਅੱਖਾਂ ਦੇ ਛੱਪਰ ਨੂੰ ਜਬਰਦਸਤੀ ਖੁਲ੍ਹੀਆਂ ਨਾ ਰੱਖੋ। ਪੋਆਇਜ਼ਨ ਕੰਟਰੋਲ ਸੈਂਟਰ ਨੂੰ ਫੋਨ ਕਰੋ।

### ਦਵਾਈ ਅੰਦਰ ਲੰਘਣਾ

ਪੋਆਇਜ਼ਨ ਕੰਟਰੋਲ ਸੈਂਟਰ ਨੂੰ ਫੋਨ ਕਰਨ ਤੱਕ ਕੋਈ ਵੀ ਚੀਜ਼ ਖਾਣ ਜਾਂ ਪੀਣ ਨੂੰ ਨਾ ਦਿਉ।

### ਕੈਮੀਕਲਾਂ ਜਾਂ ਘਰੇਲੂ ਵਰਤੋਂ ਵਾਲੇ ਪਦਾਰਥਾਂ ਦਾ ਅੰਦਰ ਜਾਣਾ

ਜੇ ਵਿਅਕਤੀ ਬੇਹੋਸ਼ ਨਹੀਂ ਹੈ, ਪੀੜ ਨਾਲ ਦੂਹਰਾ ਨਹੀਂ ਹੋ ਰਿਹਾ, ਜਾਂ ਨਿਗਲਣ ਵਿਚ ਮੁਸ਼ਕਲ ਨਹੀਂ ਹੈ ਤਾਂ ਥੋੜ੍ਹੀ ਮਾਤਰਾ ਵਿਚ ਪਾਣੀ ਦਿਉ। ਫਿਰ ਪੋਆਇਜ਼ਨ ਕੰਟਰੋਲ ਸੈਂਟਰ ਨੂੰ ਫੋਨ ਕਰੋ।

### ਸਾਹ ਰਾਹੀਂ ਜ਼ਹਿਰ ਅੰਦਰ ਜਾਣਾ

ਵਿਅਕਤੀ ਨੂੰ ਫੌਰਨ ਤਾਜ਼ੀ ਹਵਾ ਵਿਚ ਲਿਜਾਉ। ਪੋਆਇਜ਼ਨ ਕੰਟਰੋਲ ਸੈਂਟਰ ਨੂੰ ਫੋਨ ਕਰੋ।

### ਚਮੜੀ

ਦੂਸ਼ਤ ਕੱਪੜਿਆਂ ਨੂੰ ਲਾਹੋ ਅਤੇ ਚਮੜੀ ਨੂੰ ਘੱਟੋ ਘੱਟ 5 ਮਿੰਟਾਂ ਲਈ ਪਾਣੀ ਵਿਚ ਡੁਬੋਵੋ। ਪੋਆਇਜ਼ਨ ਕੰਟਰੋਲ ਸੈਂਟਰ ਨੂੰ ਫੋਨ ਕਰੋ।

ਅੰਦਾਜ਼ੇ ਨਾ ਲਗਾਉ।
**ਪੱਕਾ ਪਤਾ ਲਾਵੋ।**

**B.C. Poison Control Centre**

**604-682-5050**
**1-800-567-8911**

Poison Awareness [Punjabi]

# ਜ਼ਹਿਰਾਂ ਤੋਂ ਸਾਵਧਾਨੀ



## ਮੁਢਲੀ ਸਹਾਇਤਾ ਅਤੇ ਜ਼ਹਿਰਾਂ ਤੋਂ ਰੋਕਥਾਮ ਬਾਰੇ ਜਾਣਕਾਰੀ

B.C. POISON CONTROL CENTRE

BC Centre for Disease Control
AN AGENCY OF THE PROVINCIAL HEALTH SERVICES AUTHORITY

- ਜ਼ਹਿਰ ਕੋਈ ਵੀ ਉਹ ਚੀਜ਼ ਹੈ ਜਿਹੜੀ ਸਰੀਰ ’ਤੇ ਨੁਕਸਾਨਦੇਹ ਅਸਰ ਕਰ ਸਕਦੀ ਹੈ।
- ਹਰ ਸਾਲ ਬੀ.ਸੀ. ਵਿਚ ਹਜ਼ਾਰਾਂ ਲੋਕਾਂ ਨੂੰ ਅਣਜਾਣੇ ਹੀ ਜ਼ਹਿਰ ਚੜ੍ਹ ਜਾਂਦੀ ਹੈ।
- ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜ਼ਿਆਦਾ ਖਤਰਾ ਹੈ।
- ਬਹੁਤ ਸਾਰੀਆਂ ਜ਼ਹਿਰਾਂ ਦਾ ਇਲਾਜ ਘਰ ਵਿਚ ਹੀ ਆਪਣੇ ਪੋਆਇਜ਼ਨ ਕੰਟਰੋਲ ਸੈਂਟਰ ਦੀ ਸਲਾਹ ਨਾਲ ਹੋ ਸਕਦਾ ਹੈ।
- ਅੰਦਾਜ਼ੇ ਨਾ ਲਗਾਉ। ਪੱਕਾ ਪਤਾ ਲਾਵੋ। ਫੋਨ ਕਰੋ।

## ਸਭ ਤੋਂ ਜ਼ਿਆਦਾ ਖਤਰਨਾਕ ਜ਼ਹਿਰਾਂ...

- ਦਵਾਈਆਂ: ਜਿਸ ਵਿਚ ਡਾਕਟਰ ਦੀ ਪਰਚੀ ਨਾਲ ਅਤੇ ਬਿਨਾਂ ਪਰਚੀ ਨਾਲ ਮਿਲਣ ਵਾਲੀਆਂ ਦਰਦ ਤੋਂ ਆਰਾਮ ਦੇਣ ਵਾਲੀਆਂ ਦਵਾਈਆਂ, ਸ਼ੂਗਰ ਦੀਆਂ ਦਵਾਈਆਂ, ਬਲੱਡ ਪਰੈਸ਼ਰ ਦੀਆਂ ਦਵਾਈਆਂ, ਖੰਘ ਅਤੇ ਜ਼ੁਕਾਮ ਦੀਆਂ ਦਵਾਈਆਂ, ਸ਼ਾਂਤ ਕਰਨ ਵਾਲੀਆਂ ਅਤੇ ਡਿਪਰੈਸ਼ਨ ਦੀਆਂ ਦਵਾਈਆਂ ਸ਼ਾਮਲ ਹਨ।
- ਸਫਾਈ ਕਰਨ ਵਾਲੇ ਪਦਾਰਥ ਜੋ ਕਿ ਸਾੜ ਸਕਦੇ ਹਨ: ਡਰੇਨ ਓਪਨਰ, ਟੋਆਇਲਟ ਕਲੀਨਰ, ਓਵਨ ਕਲੀਨਰ, ਜ਼ੰਗਾਲ ਲਾਹੁਣ ਵਾਲਾ ਪਦਾਰਥ ਅਤੇ ਕਰੋਮ ਕਲੀਨਰ।
- ਐਂਟੀਫਰੀਜ਼
- ਵਿੰਡਸ਼ੀਲਡ ਵਾਸ਼ਰ ਘੋਲ
- ਹਾਈਡਰੋਕਾਰਬਨ ਵਾਲੇ ਪਦਾਰਥ: ਲੈਂਪਾਂ ਲਈ ਤੇਲ, ਲਾਈਟਰਾਂ ਲਈ ਵਰਤਿਆ ਜਾਣ ਵਾਲਾ ਤਰਲ ਪਦਾਰਥ, ਫਰਨੀਚਰ ਪਾਲਸ਼, ਗਾੜ੍ਹੇ ਰੋਗਨ ਨੂੰ ਪਤਲਾ ਕਰਨ ਵਾਲਾ ਪਦਾਰਥ, ਮਿੱਟੀ ਦਾ ਤੇਲ।
- ਕਾਰਬਨ ਮੋਨੋਅਕਸਾਈਡ
- ਕੀੜੇਮਾਰ ਦਵਾਈਆਂ
- ਜੰਗਲੀ ਖੁੰਬਾਂ

# ਜ਼ਹਿਰਾਂ ਤੋਂ ਰੋਕਥਾਮ ਕਿਵੇਂ ਕਰਨੀ ਹੈ

## ਦਵਾਈਆਂ

✔ ਸਿਰਫ ਉਹ ਡੱਬੀਆਂ ਹੀ ਵਰਤੋ ਜਿਹੜੀਆਂ ਬੱਚੇ ਖੋਲ੍ਹ ਨਾ ਸਕਦੇ ਹੋਣ।

✔ ਜਿੰਦਾ ਲੱਗੀਆਂ ਅਲਮਾਰੀਆਂ ਵਿਚ ਰੱਖੋ।

✔ ਵਰਤਣ ਤੋਂ ਫੌਰਨ ਬਾਅਦ ਸੁਰੱਖਿਅਤ ਰੱਖਣ ਵਾਲੀ ਥਾਂ ’ਤੇ ਵਾਪਸ ਰੱਖੋ।

✔ ਹਮੇਸ਼ਾਂ ਖੁਰਾਕ ਮਿਣੋ – ਅੰਦਾਜ਼ਾ ਨਾ ਲਗਾਉ।

✔ ਕਦੇ ਵੀ ਬੱਚਿਆਂ ਨੂੰ ਇਹ ਨਾ ਦੱਸੋ ਕਿ ਦਵਾਈ ਕੈਂਡੀ ਹੈ।

✔ ਕਦੇ ਵੀ ਬੱਚਿਆਂ ਦੇ ਸਾਹਮਣੇ ਦਵਾਈ ਨਾ ਲਵੋ। ਉਹ ਇਸ ਦੀ ਨਕਲ ਕਰ ਸਕਦੇ ਹਨ।

✔ ਪਰਸ ਅਤੇ ਡਾਇਪਰ ਬੈਗਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ। ਪ੍ਰਾਹੁਣਿਆਂ ਦੇ ਪਰਸਾਂ ਅਤੇ ਬੈਗਾਂ ਪ੍ਰਤੀ ਵੀ ਸਚੇਤ ਰਹੋ।

## ਘਰ ਵਿਚ ਸਫਾਈ ਲਈ ਵਰਤੀਆਂ ਜਾਣ ਵਾਲੀਆਂ ਚੀਜ਼ਾਂ

✔ ਚੀਜ਼ਾਂ ਨੂੰ ਆਪਣੇ ਅਸਲੀ, ਲੇਬਲ ਲੱਗੇ, ਬੱਚਿਆਂ ਵਲੋਂ ਖੋਲ੍ਹੇ ਨਾ ਜਾ ਸਕਣ ਵਾਲੇ ਡੱਬਿਆਂ ਵਿਚ ਰੱਖੋ।

✔ ਚੀਜ਼ਾਂ ਨੂੰ ਖਾਣ ਜਾਂ ਪੀਣ ਵਾਲੇ ਡੱਬਿਆਂ ਵਿਚ ਨਾ ਰੱਖੋ।

✔ ਜਿੰਦਾ ਲੱਗੀਆਂ ਅਲਮਾਰੀਆਂ ਵਿਚ ਰੱਖੋ।

✔ ਵਰਤਣ ਤੋਂ ਫੌਰਨ ਬਾਅਦ ਸੁਰੱਖਿਅਤ ਰੱਖਣ ਵਾਲੀ ਥਾਂ ’ਤੇ ਵਾਪਸ ਰੱਖੋ।

✔ ਵਸਤਾਂ ਅਤੇ ਖਾਣਿਆਂ ਨੂੰ ਵੱਖੋ ਵੱਖਰੀਆਂ ਥਾਂਵਾਂ ’ਤੇ ਸਾਂਭੋ।

✔ ਘਰੇਲੂ ਵਰਤੋਂ ਵਾਲੀਆਂ ਚੀਜ਼ਾਂ ਦੇ ਨੇੜੇ ਕਦੇ ਵੀ ਬੱਚਿਆਂ ਨੂੰ ਇਕੱਲਾ ਨਾ ਛੱਡੋ।

# ਆਪਣੇ ਘਰ ਨੂੰ ਜ਼ਹਿਰਾਂ ਤੋਂ ਰਹਿਤ ਕਰੋ

ਆਪਣੇ ਘਰ ਨੂੰ ਜ਼ਹਿਰਾਂ ਤੋਂ ਰਹਿਤ ਕਰਨ ਵਿਚ ਤੁਹਾਡੀ ਮਦਦ ਲਈ ਇੱਥੇ ਕੁਝ ਆਮ, ਸੰਭਵ ਤੌਰ ’ਤੇ ਜ਼ਹਿਰੀਲੇ ਤੱਤਾਂ ਦੀ ਲਿਸਟ ਦਿੱਤੀ ਗਈ ਹੈ।

ਹਰ ਕਮਰੇ ਨੂੰ ਚੰਗੀ ਤਰ੍ਹਾਂ ਦੇਖੋ, ਅਤੇ ਇਹ ਪੱਕਾ ਕਰੋ ਕਿ ਇਹ ਚੀਜ਼ਾਂ ਛੋਟੇ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਹਨ।

**ਰਸੋਈ/ਲਾਉਂਡਰੀ**

☐ ਸਾਰੀਆਂ ਦਵਾਈਆਂ ਅਤੇ ਗੋਲੀਆਂ
☐ ਅਮੋਨੀਆ
☐ ਕੀੜੀਆਂ/ਰੋਚ/ਖਟਮਲ ਮਾਰਨ ਵਾਲੀਆਂ ਦਵਾਈਆਂ
☐ ਆਟੋਮੈਟਿਕ ਡਿਸ਼ਵਾਸ਼ਰ ਸਾਬਣ
☐ ਬਲੀਚ
☐ ਕਾਰਪਿਟ/ਸੋਫੇ ਆਦਿ ਸਾਫ ਕਰਨ ਵਾਲੇ ਪਦਾਰਥ
☐ ਸਫਾਈ ਲਈ ਵਰਤੇ ਜਾਂਦੇ ਪਦਾਰਥ
☐ ਰੋਗਾਣੂ–ਨਾਸ਼ਕ ਪਦਾਰਥ
☐ ਡਰੇਨ ਕਲੀਨਰ
☐ ਫੈਬਰਿਕ ਸੌਫਟਨਰ (ਤਰਲ ਅਤੇ ਸ਼ੀਟ)
☐ ਫਰਨੀਚਰ ਪਾਲਸ਼
☐ ਧਾਤਾਂ ਦੀ ਸਫਾਈ ਕਰਨ ਵਾਲੇ ਪਦਾਰਥ
☐ ਓਵਨ ਕਲੀਨਰ
☐ ਜ਼ੰਗਾਲ ਲਾਹੁਣ ਵਾਲੇ ਪਦਾਰਥ
☐ ਸਾਬਣ/ਡਿਟਰਜੈਂਟ
☐ ਵਿਟਾਮਿਨ/ਫਲੋਰਾਈਡ/ਆਇਰਨ ਦੀਆਂ ਗੋਲੀਆਂ

**ਬੈੱਡਰੂਮ**

☐ ਸਾਰੀਆਂ ਦਵਾਈਆਂ ਅਤੇ ਗੋਲੀਆਂ
☐ ਬੇਬੀ ਪਾਉਡਰ
☐ ਖੰਘ/ਜ਼ੁਕਾਮ ਦੀਆਂ ਦਵਾਈਆਂ
☐ ਸ਼ਿੰਗਾਰ ਦਾ ਸਮਾਨ
☐ ਘਰੇਲੂ ਬੂਟੇ
☐ ਗਹਿਣੇ ਸਾਫ ਕਰਨ ਵਾਲੇ ਕਲੀਨਰ
☐ ਨੇਲ ਪਾਲਸ਼/ਰੀਮੂਵਰ
☐ ਪ੍ਰਫਿਊਮ/ਕਲੋਨ
☐ ਬੂਟ ਸਾਫ ਕਰਨ ਵਾਲੇ ਪਦਾਰਥ/ਪਾਲਸ਼ਾਂ

**ਫੈਮਿਲੀ ਰੂਮ**

☐ ਘਰੇਲੂ ਬੂਟੇ
☐ ਸਟੀਰਿਓ/ਵੀਡਿਓ ਕਲੀਨਰ

**ਬਾਥਰੂਮ**

☐ ਸ਼ੇਵ ਤੋਂ ਬਾਅਦ ਲਾਉਣ ਵਾਲਾ ਲੋਸ਼ਨ
☐ ਸਾਰੀਆਂ ਦਵਾਈਆਂ, ਗੋਲੀਆਂ, ਪੈਚ
☐ ਨਹਾਉਣ ਲਈ ਵਰਤਿਆ ਜਾਂਦਾ ਤੇਲ
☐ ਸਫਾਈ ਕਰਨ ਵਾਲੇ ਪਦਾਰਥ
☐ ਮੁਸ਼ਕ ਹਟਾਉਣ/ਸਫਾਈ ਵਾਲੇ ਪਦਾਰਥ
☐ ਡਰੇਨ ਸਾਫ ਕਰਨ ਵਾਲੇ ਪਦਾਰਥ
☐ ਵਾਲ ਲਾਹੁਣ ਵਾਲੇ ਪਦਾਰਥ
☐ ਮਾਲਸ਼ ਕਰਨ ਵਾਲੀਆਂ ਦਵਾਈਆਂ
☐ ਮਾਊਥਵਾਸ਼
☐ ਵਾਲ ਕੁੰਡਲ ਬਣਾਉਣ ਵਾਲੇ ਘੋਲ
☐ ਰੱਬਿੰਗ ਅਲਕੋਹਲ
☐ ਸ਼ੈਂਪੂ/ਵਾਲਾਂ ਲਈ ਵਰਤੇ ਜਾਂਦੇ ਪਦਾਰਥ
☐ ਟੋਆਇਲਟ ਸਾਫ ਕਰਨ ਵਾਲੇ ਪਦਾਰਥ

**ਗਰਾਜ/ਬੇਸਮੈਂਟ/ਸਟੋਰੇਜ**

☐ ਐਂਟੀਫਰੀਜ਼
☐ ਬਾਰਬੇਕਿਊ ਸਟਾਰਟਰ
☐ ਖਾਦਾਂ
☐ ਪੈਟਰੋਲ/ਮਿੱਟੀ ਦਾ ਤੇਲ
☐ ਗਲੂ (ਗੂੰਦ)
☐ ਲਾਈਟਰ ਦਾ ਤਰਲ
☐ ਚੂਨਾ
☐ ਮੈਲ ਕਾਟ ਪਦਾਰਥ
☐ ਫਿਨਾਇਲ ਦੀਆਂ ਗੋਲੀਆਂ/ਮੋਥ ਫਲੇਕਸ
☐ ਰੋਗਨ ਲਾਹੁਣ/ਪਤਲਾ ਕਰਨ ਵਾਲੇ ਪਦਾਰਥ
☐ ਕੀੜੇਮਾਰ ਦਵਾਈਆਂ
☐ ਚੂਹਿਆਂ ਨੂੰ ਮਾਰਨ ਲਈ ਜ਼ਹਿਰ
☐ ਤਾਰਪੀਨ ਦਾ ਤੇਲ
☐ ਜੜੀ–ਬੂਟੀ ਮਾਰਨ ਵਾਲੀਆਂ ਦਵਾਈਆਂ
☐ ਵਿੰਡਸ਼ੀਲਡ ਕਲੀਨਰ

**ਹੋਰ**

☐ ਸ਼ਰਾਬ
☐ ਬੈਟਰੀਆਂ, ਨਿੱਕੀਆਂ ਗੋਲ ਬੈਟਰੀਆਂ (ਕੈਲਕੂਲੇਟਰ)
☐ ਸਿਗਰਟਾਂ